# ਗੁਰੂ ਗ੍ਰੰਥ - ਗੁਰੂ ਪੰਥ

ਕਰਤਾਰ ਸਿੰਘ ਗੋਸ਼ਟੀ*

"ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥" (ਗੁਰੂ ਗ੍ਰੰਥ ਸਾਹਿਬ, ਪੰਨਾ ੭੬੩) ਗੁਰੂ ਨਾਨਕ ਸਾਹਿਬ ਦੇ ਇਸ ਕਥਨ ਤੋਂ ਸਾਬਤ ਹੈ ਕਿ ਗੁਰੂ ਜਿਹੜੀ ਰਹਿਨੁਮਾਈ ਵਿੱਚ ਆਪਣੇ ਸਿੱਖਾਂ ਦਾ ਮਨ ਬਚ ਕਰਮ ਸੰਵਾਰਨਾ ਚਾਹੁੰਦੇ ਹਨ, ਉਸ ਦਾ ਸਰੋਤ ਕੋਈ ਹੋਰ ਹੈ ਜੋ ਹੁਕਮ ਦੇ ਕੇ ਗੁਰੂ ਦੇ ਮੁਖਾਰਬਿੰਦ ਤੋਂ ਉਸ ਰਹਿਨੁਮਾਈ ਦਾ ਪਰਸਾਰ ਕਰਾ ਰਿਹਾ ਹੈ। ਹੁਕਮ ਦੇਣ ਵਾਲੀ ਹਸਤੀ ਨੂੰ ਅਕਾਲ ਪੁਰਖ ਵਾਹਿਗੁਰੂ ਦਾ ਨਾਉਂ ਦਿੱਤਾ ਗਿਆ ਤੇ ਅਕਾਲ ਪੁਰਖ ਦੇ ਹੁਕਮ ਅੰਦਰ ਜੋ ਸੰਦੇਸ਼ ਗੁਰੂ ਜੀ ਨੇ ਜਗਤ ਨੂੰ ਦਿੱਤਾ ਉਸ ਨੂੰ ਬਾਣੀ ਕਿਹਾ ਗਿਆ। ਕੇਵਲ ਸੰਦੇਸ਼ ਦੇਣ ਨਾਲ ਗੁਰੂ ਸੰਤੁਸ਼ਟ ਨਹੀਂ ਸਨ। ਜੋ ਰਹਿਨੁਮਾਈ ਉਨ੍ਹਾਂ ਲੋਕਾਂ ਨੂੰ ਦਿੱਤੀ, ਉਸ ਅੰਦਰ ਉਹ ਆਪ ਜੀ ਕੇ ਲੋਕਾਂ ਲਈ ਮਿਸਾਲ ਬਣੇ ਤੇ ਆਸ ਕੀਤੀ ਕਿ ਉਸੇ ਜੀਵਨ ਸੇਧ ਵਿੱਚ ਲੋਕ ਵੀ ਆਪਣਾ ਜੀਵਨ ਜੀਵਣਗੇ। ਗੁਰੂ ਨਾਨਕ ਜੋਤ ਨੇ ੧੦ ਜਾਮਿਆਂ ਵਿੱਚ ਬਾਣੀ ਰਾਹੀਂ ਅਤੇ ਅਮਲੀ ਜੀਵਨ ਰਾਹੀਂ ਆਪਣੇ ਉਪਦੇਸ਼ਾਂ ਦਾ ਪਰਚਾਰ ਕੀਤਾ। ਗੁਰ ਉਪਦੇਸ਼ ਲੋਕਾਂ ਨੂੰ ਪਿਆਰਾ ਲਗਾ। ਸੰਗਤਾਂ ਬਣਨ ਲਗੀਆਂ। ਉਹਨਾਂ ਦੇ ਉਪਦੇਸ਼ਾਂ ਨੂੰ ਮੰਨਣ ਵਾਲੇ ਸਿੱਖ ਅਖਵਾਏ। ਸਿੱਖਾਂ ਦੀ ਸਮੂਹਤਾ ਨੂੰ ਪੰਥ ਕਿਹਾ ਗਿਆ।

ਆਪਣੀ ਬਾਣੀ ਵਿੱਚ ਹੀ ਗੁਰੂ ਜੀ ਨੇ ਦਰਸਾ ਦਿੱਤਾ ਕਿ ਉਨ੍ਹਾਂ ਦਾ ਸਰੀਰ ਗੁਰੂ ਨਹੀਂ ਹੈ। ਉਨ੍ਹਾਂ ਵਲੋਂ ਦਿੱਤਾ ਉਪਦੇਸ਼ ਹੀ ਗੁਰੂ ਹੈ – ਬਾਣੀ ਗੁਰੂ ਗੁਰੂ ਹੈ ਬਾਣੀ .... (ਪੰਨਾ ੯੮੨), ਸਤਿਗੁਰ ਬਚਨ ਬਚਨ ਹੈ ਸਤਿਗੁਰ.... (ਪੰਨਾ ੧੩੦੯)। ਇਸ ਤੋਂ ਸਿਧ ਹੈ ਕਿ ਗੁਰੂ ਸਾਹਿਬਾਨ ਦੇ ਜੀਵਨ ਕਾਲ ਵਿੱਚ ਵੀ ਗੁਰੂ ਸਰੀਰ ਦੇ ਹੁੰਦਿਆਂ ਵੀ ਗੁਰ ਉਪਦੇਸ਼ ਹੀ ਗੁਰੂ ਸਨ।

ਗੁਰ ਉਪਦੇਸ਼ਾਂ ਨੂੰ ਸਦੀਵੀ ਰਖਣ ਲਈ ਗੁਰੂ ਨਾਨਕ ਸਾਹਿਬ ਤੋਂ ਹੀ ਬਾਣੀ ਦੀ ਸੰਭਾਲ ਕੀਤੀ ਗਈ। ਗੁਰੂ ਨਾਨਕ ਸਾਹਿਬ ਨੇ ਆਪ ਬਾਣੀ ਦਾ ਲਿਖਤੀ ਰੂਪ ਵਿੱਚ ਰਿਕਾਰਡ ਰਖਿਆ। ਇਸ ਤਰਾਂ ਬਾਣੀ ਪੋਥੀਆਂ ਵਿੱਚ ਰਿਕਾਰਡ ਹੋਈ। ਗੁਰੂ ਸਰੀਰ ਨੇ ਮਾਤ ਲੋਕ ਤੋਂ ਵਿਦਾਇਗੀ ਲੈਣ ਸਮੇਂ ਇਹ ਬਾਣੀ-ਸੰਗ੍ਰਹਿ ਆਪਣੇ ਉਤਰਾਧਿਕਾਰੀ ਗੁਰੂ ਅੰਗਦ ਦੇਵ ਜੀ ਦੇ ਹਵਾਲੇ ਕੀਤਾ ਤੇ ਇਸੇ ਤਰ੍ਹਾਂ ਹਰ ਜਾਮਾ ਬਾਣੀ-ਸੰਗ੍ਰਹਿ ਨੂੰ ਅਗਲੇ ਜਾਮੇ ਦੇ ਹਵਾਲੇ ਕਰਦਾ ਰਿਹਾ। ਪੰਜਵੇਂ ਜਾਮੇ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਜਾਮਿਆਂ ਤੋਂ ਪ੍ਰਾਪਤ ਅਤੇ ਆਪਣੀ ਬਾਣੀ ਨੂੰ ਗ੍ਰੰਥ ਰੂਪ ਦੇ ਦਿੱਤਾ। ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਨਾਲ ਪਹਿਲਾਂ ਹੋ ਗੁਜ਼ਰੇ ਸੰਤਾਂ ਭਗਤਾਂ ਦੀ ਬਾਣੀ ਜੋ ਗੁਰੂ ਆਸ਼ਿਆਂ ਨਾਲ ਮੇਲ ਖਾਂਦੀ ਸੀ, ਗ੍ਰੰਥ ਦਾ ਭਾਗ ਬਣ ਗਈ। ਸਤਿਕਾਰ ਵਜੋਂ ਇਸ ਗ੍ਰੰਥ ਨੂੰ ਪੋਥੀ ਸਾਹਿਬ ਕਿਹਾ ਗਿਆ। ਸੰਗਤਾਂ ਬਣੀਆਂ ਅਤੇ ਗੁਰ ਅਸਥਾਨ ਬਣ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਹੋਰ ਸ਼ਹਿਰਾਂ ਤੋਂ ਇਲਾਵਾ ਅੰਮ੍ਰਿਤਸਰ ਸਿੱਖਾਂ ਦਾ ਕੇਂਦਰੀ ਅਸਥਾਨ ਬਣ ਚੁੱਕਾ ਸੀ। ਹਰਿਮੰਦਰ ਸਾਹਿਬ ਦੀ ਉਸਾਰੀ ਹੋ ਗਈ ਸੀ। ਗੁਰੂ ਅਰਜਨ ਦੇਵ ਜੀ ਨੇ "ਪੋਥੀ ਪਰਮੇਸਰ ਕਾ ਥਾਨੁ" (ਪੰਨਾ ੧੨੨੬) ਕਹਿ ਕੇ ਬੜੇ

* HM 319, Phase IX, SAS, Nagar, Chandigarh

ਆਦਰ ਸਹਿਤ ਗ੍ਰੰਥ ਦਾ ਪਰਕਾਸ਼ ਹਰਿਮੰਦਰ ਸਾਹਿਬ ਵਿੱਚ ਕਰ ਦਿੱਤਾ। ਸਿੱਖਾਂ ਦਾ ਹੈਡਕੁਆਰਟਰ ਬਣ ਗਿਆ। ਗੁਰੂ ਦੀ ਉੱਮਤ ਪੰਥ ਬਣ ਗਈ।

ਗੁਰੂ ਸਾਹਿਬਾਨ ਦੇ ਉਪਦੇਸ਼ਾਂ ਵਿੱਚ ਇਕ ਅਕਾਲ ਪੁਰਖ ਦੀ ਪੂਜਾ, ਮਾਨਵ ਬਰਾਬਰੀ ਦਾ ਲਕਸ਼, ਸਾਂਝੀਵਾਲਤਾ ਦੀ ਖਾਹਿਸ਼, ਕਿਸੇ ਦਾ ਹੱਕ ਮਾਰਨ ਤੋਂ ਨਫਰਤ ਤੇ ਜ਼ੁਲਮ ਦੇ ਖਿਲਾਫ ਡਟ ਜਾਣ ਦੇ ਸਾਹਸ ਵਰਗੇ ਗੁਣ ਪਰਧਾਨ ਸਨ। ਇਨ੍ਹਾਂ ਗੁਣਾਂ ਦਾ ਪ੍ਰਗਟਾਵਾ ਅਮਲੀ ਜੀਵਨ ਵਿੱਚੋਂ ਕੀਤਾ ਜਾਣਾ ਸੀ। ਇਨ੍ਹਾਂ ਅਸੂਲਾਂ ਤੇ ਪਹਿਰਾ ਦੇਂਦਿਆਂ ਗੁਰੂ ਸਾਹਿਬਾਨ ਅਤੇ ਸਿੱਖਾਂ ਨੂੰ ਵਡੀਆਂ ਕੁਰਬਾਨੀਆਂ ਕਰਨੀਆਂ ਪਈਆਂ। ਕਰਮਕਾਂਡਾਂ ਦੇ ਮੰਨਣ ਵਾਲਿਆਂ ਪਾਂਧਿਆਂ ਮੌਲਵੀਆਂ ਨੂੰ ਬੜੀ ਔਖ ਸੀ। ਉਨ੍ਹਾਂ ਨੇ ਵਕਤੀ ਹੁਕਮਰਾਨਾਂ ਨੂੰ ਉਕਸਾ ਕੇ ਸਿੱਖਾਂ ਦੇ ਗਲ ਪਾਇਆ ਪਰ ਧੰਨ ਗੁਰਬਾਣੀ ਦਾ ਗਿਆਨ ਜਿਸ ਸਦਕੇ ਗੁਰੂ ਸਾਹਿਬਾਨ ਨੇ ਖੁਦ ਅਤੇ ਸਿੱਖਾਂ ਨੇ ਜਾਨਾਂ ਵਾਰੀਆਂ ਤੇ ਸਿਦਕ ਨਹੀਂ ਹਾਰਿਆ। ਜਬਰ ਜ਼ੁਲਮ ਦਾ ਦ੍ਰਿੜ੍ਹਤਾ ਨਾਲ ਟਾਕਰਾ ਕੀਤਾ। ਬਦੀ ਦੀਆਂ ਤਾਕਤਾਂ ਹਾਰ ਗਈਆਂ। ਗੁਰੂ ਸਾਹਿਬਾਨ ਦੀ ਰਹਿਨੁਮਾਈ ਰੰਗ ਲਿਆਈ, ਹਰ ਮੈਦਾਨ ਫਤਹਿ ਹੋਈ। "ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ..." (ਪੰਨਾ ੧੬੭) ਦੀ ਹਾਲਤ ਤੋਂ ਉਠ ਕੇ ਸਿੱਖ ਕੌਮ ਨੇ ਬਾਦਸ਼ਾਹੀਆਂ ਮਾਣੀਆਂ।

ਗੁਰੂ ਕਾਲ ਵਿੱਚ ਗੁਰੂ ਸਾਹਿਬਾਨ ਆਪ ਗੁਰਬਾਣੀ ਦੀ ਸੇਧ ਤੇ ਅਮਲ ਕਰਦੇ। ਗੁਰੂ ਕਾਲ ਤੋਂ ਬਾਅਦ ਵੀ ਲੰਮਾ ਸਮਾਂ ਸਿੱਖਾਂ ਨੇ ਬਾਣੀ ਦੀ ਅਗਵਾਈ ਵਿੱਚ ਮੱਲਾਂ ਮਾਰੀਆਂ। ਸੱਚ ਖਾਤਰ ਜੋ ਚਰਖੜੀਆਂ ਤੇ ਚੜ੍ਹੇ, ਬੰਦ ਬੰਦ ਕਟਾਏ, ਉਨ੍ਹਾਂ ਦਾ ਜ਼ਿਕਰ ਸਮੂਹਕ ਸਿੱਖ ਅਰਦਾਸ ਵਿੱਚ ਹਰ ਰੋਜ਼ ਹੁੰਦਾ ਹੈ। ਇਹ ਸਭ ਕੁਝ ਬਹੁਤਾ ੧੮ਵੀਂ ਸਦੀ ਵਿੱਚ ਹੋਇਆ ਜਦੋਂ ਗੁਰੂ ਸਰੀਰ ਵਿੱਚ ਨਹੀਂ ਸੀ ਵਿਚਰਦਾ ਪਰ ਗੁਰੂ ਦੀ ਅਗਵਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਮਿਲਦੀ ਰਹੀ। ਦਸਮ ਪਾਤਸ਼ਾਹ ਨੇ ਗੁਰਬਾਣੀ ਨੂੰ ਹੀ ਗੁਰੂ ਪਦ ਨਾਲ ਸਨਮਾਨਿਆ ਅਤੇ ਹੁਕਮ ਕੀਤਾ ਕਿ ਉਨ੍ਹਾਂ ਦੇ ਸਰੀਰ ਤਿਆਗਣ ਉਪ੍ਰੰਤ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੇ ਬਾਣੀ ਨੂੰ ਮੰਨਣ ਵਾਲਾ ਪੰਥ ਉਨ੍ਹਾਂ ਦਾ ਉਤਰਾਧਿਕਾਰੀ ਹੋਵੇਗਾ। ਗੁਰੂ ਗ੍ਰੰਥ-ਗੁਰੂ ਪੰਥ ਦਾ ਦੌਰ ਸਦੀਵੀ ਕਰ ਦਿੱਤਾ। ਸਿੱਖ ਮਿਸਲਾਂ ਦੇ ਕਾਲ ਵਿੱਚ ੧੨ ਮਿਸਲਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਕੱਠੇ ਹੁੰਦੇ। ਸਿੱਖ ਮਸਲਿਆਂ ਬਾਰੇ ਵਿਚਾਰਾਂ ਦੇ ਆਦਾਨ ਪ੍ਰਦਾਨ ਨਾਲ ਫੈਸਲਾ ਕਰਦੇ। ਇਸ ਇਕੱਤਰਤਾ ਨੂੰ ਸਰਬੱਤ ਖਾਲਸਾ ਕਿਹਾ ਜਾਂਦਾ ਅਤੇ ਸਰਬੱਤ ਖਾਲਸੇ ਦੇ ਫੈਸਲੇ ਨੂੰ ਸਰਬਤ ਖਾਲਸੇ ਦਾ ਗੁਰਮਤਾ ਕਿਹਾ ਜਾਂਦਾ ਸੀ। ਸਾਰਾ ਪੰਥ ਪੂਰੀ ਇਮਾਨਦਾਰੀ ਨਾਲ ਇਸ ਗੁਰਮਤੇ ਨੂੰ ਆਪਣੇ ਆਪ ਤੇ ਲਾਗੂ ਕਰਦਾ ਸੀ।

ਸਰੀਰ ਕਰਕੇ ਸਾਰਾ ਪੰਥ ਤਾਂ ਪੰਥਕ ਮਸਲਿਆਂ ਬਾਰੇ ਕਿਸੇ ਮੀਟਿੰਗ ਵਿੱਚ ਇਕੱਠਾ ਨਹੀਂ ਹੋ ਸਕਦਾ ਤਾਂ ਜ਼ਰੂਰੀ ਹੈ ਕਿ ਗੁਰੂ ਗ੍ਰੰਥ ਦੀ ਬਾਣੀ ਨੂੰ ਸਮਰਪਿਤ, ਗੁਰੂ ਪ੍ਰਾਇਣ ਬਿਬੇਕ ਬੁਧ ਗੁਰਸਿੱਖਾਂ ਦੀ ਪੰਚਾਇਣ ਪੈਦਾ ਕੀਤੀ ਜਾਵੇ ਜੋ ਗੁਰੂ ਦੀ ਰਹਿਨੁਮਾਈ ਨੂੰ ਸਦਾ ਜੀਉਂਦਾ ਰੱਖਣ ਦੇ ਪਾਬੰਦ ਹੋਣ। ਇਕ ਤਰਕ ਆਮ ਤੌਰ ਤੇ ਦਿੱਤਾ ਜਾਂਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥ ਦੀ ਨੁਮਾਇੰਦਾ ਸੰਸਥਾ ਹੈ ਤੇ ਇਹੋ ਹੀ ਸਿੱਖਾਂ ਦੀ ਪੰਚਾਇਣ ਹੈ। ਸ਼੍ਰੋਮਣੀ ਕਮੇਟੀ ਯਕੀਨੀ ਤੌਰ ਤੇ ਪੰਚਾਇਣ ਬਣ ਸਕਦੀ ਸੀ ਜੇਕਰ ਇਸ ਨੂੰ ਸਿੱਖਾਂ ਦੀ ਪੰਚਾਇਣ ਬਣਾਉਣ ਦੇ ਇਰਾਦੇ ਨਾਲ ਸਾਰੀ ਬਣਤਰ ਬਣਾਈ ਜਾਂਦੀ। ਕਮੇਟੀ ਦੇ ਮੈਂਬਰ ਪਾਰਲੀਮਾਨੀ ਚੋਣਾਂ ਦੇ ਤਰੀਕੇ ਨਾਲ ਚੁਣੇ ਜਾਂਦੇ ਹਨ। ਸਿਆਸੀ ਤਾਕਤ ਵਾਲੇ ਸਿੱਖ ਆਪਣੀਆਂ ਪਾਰਟੀਆਂ ਬਣਾ ਕੇ ਚੋਣ ਲੜਦੇ ਹਨ। ਵੋਟਰਾਂ ਨੂੰ ਹਰ ਤਰ੍ਹਾਂ ਦੇ ਲੋਭ ਲਾਲਚ ਦੇ ਕੇ ਵੋਟਾਂ ਦੀ ਠਗੀ ਮਾਰੀ ਜਾਂਦੀ ਹੈ। ਉਹ ਲੋਕ ਜਿਨ੍ਹਾਂ ਦੇ ਮਨਾਂ ਤੇ ਸਿੱਖੀ ਦੀ ਪਕੜ ਨਹੀਂ, ਸੁਆਰਥ ਤੇ ਸਿਆਸੀ ਤਾਕਤ ਹਾਸਲ ਕਰਨ ਲਈ ਇਸ ਧਾਰਮਕ ਅਦਾਰੇ ਦੀ ਦੁਰਵਰਤੋਂ ਕਰਦੇ

ਹਨ। ਅਜ ਹਾਲਤ ਇਸ ਤਰ੍ਹਾਂ ਦੀ ਨਿਘਰ ਗਈ ਹੈ ਕਿ ਸਿੱਖ ਸਿਆਸਤ ਤੇ ਗਾਲਬ ਇਕ ਮਨੁਖ ਹੀ ਸਾਰੀ ਪੰਥਕ ਤਾਕਤ ਨੂੰ ਜੇਬ ਵਿੱਚ ਪਾਈ ਫਿਰਦਾ ਹੈ ਤੇ ਉਸਦਾ ਗ਼ਲਬਾ ਤੋੜਨ ਲਈ ਸਿੱਖਾਂ ਦੇ ਕਈ ਗਰੁਪ ਆਪਸ ਵਿੱਚ ਡਾਂਗੋ ਡਾਂਗ ਹੋ ਰਹੇ ਹਨ। ਅਕਾਲੀ ਦਲ ਦੀ ਬਣਾਈ ਸ਼੍ਰੋਮਣੀ ਕਮੇਟੀ ਗੁਰੂ ਦੀ ਗੋਲਕ ਦੀ ਸਹੀ ਜਾਂ ਗਲਤ ਵਰਤੋਂ ਤਾਂ ਕਰਦੀ ਰਹੇਗੀ, ਪ੍ਰੰਤੂ ਗੁਰੂ ਗ੍ਰੰਥ-ਗੁਰੂ ਪੰਥ ਵਾਲਾ ਸਟੇਟਸ ਬਣਨ ਦੀ ਕੋਈ ਆਸ ਨਹੀਂ ਬਣਦੀ, ਜਦ ਤੱਕ ਹਰ ਇਲਾਕੇ ਤੋਂ ਨੁਮਾਇੰਦੇ ਇਸ ਵਿੱਚ ਸ਼ਾਮਲ ਨਹੀਂ ਹੁੰਦੇ। ਗੁਰੂ ਆਸ਼ਿਆਂ ਨੂੰ ਜਾਣਨ ਵਾਲੇ, ਸੰਸਾਰ ਦੇ ਸਿੱਖਾਂ ਦੀ ਜਾਣਕਾਰੀ ਰੱਖਦੇ ਬਿਬੇਕਬੁਧ, ਪੰਥ ਖਾਤਰ ਮਰ ਸਕਣ ਵਾਲੇ ਪੰਚ ਗੁਰਮੁਖ ਜਨ ਹੀ ਕੌਮ ਦੀ ਰਹਿਨੁਮਾਈ ਕਰਣ ਦੀ ਸਮਰਥਾ ਰੱਖ ਸਕਦੇ ਹਨ।

ਪਦਾਰਥੀ ਤਰੱਕੀ ਨੇ ਸਿੱਖਾਂ ਤੇ ਵੀ ਕਾਫੀ ਪ੍ਰਭਾਵ ਪਾਇਆ ਹੈ। ਦੁਨਿਆਵੀ ਸੁੱਖਾਂ ਦੀ ਪ੍ਰਾਪਤੀ ਲਈ ਲਾਲਸਾ ਪੈਦਾ ਹੋ ਗਈ ਹੈ। ਸਿੱਖ ਵੀ ਗੁਰੂ ਦੀ ਬਖਸ਼ੀ ਰਹਿਨੁਮਾਈ ਤੋਂ ਥਿੜਕਨ ਲੱਗ ਪਏ ਹਨ। ਪੰਚਾਂ ਦੀ ਮਾਨਤਾ ਦਾ ਸਤਿਕਾਰ ਘਟਿਆ ਹੈ। ਕੌਮ ਨੇ ਆਪਣੀ ਉਨੱਤੀ ਲਈ ਜੋ ਸੰਸਥਾਵਾਂ ਸ੍ਰੀ ਅਕਾਲ ਤਖਤ ਸਾਹਿਬ, ਅਕਾਲੀ ਦਲ, ਸ਼੍ਰੋਮਣੀ ਕਮੇਟੀ ਬਣਾਈਆਂ; ਉਨ੍ਹਾਂ ਤੋਂ ਉਸ ਸਿੱਖ ਚਲਨ ਦਾ ਪ੍ਰਚਾਰ ਨਹੀਂ ਹੋ ਰਿਹਾ। ਗੁਰਦੁਆਰਾ ਕੇਂਦਰ ਦੁਵਾਲੇ ਉਭਰੀ ਸਚ ਸਾਦਗੀ ਤੇ ਨਿਰਭਰ ਸੇਵਾ ਸਿਮਰਨ ਵਾਲੀ ਪ੍ਰਥਾ ਕਰਮਕਾਂਡੀ ਰੂਪ ਧਾਰ ਰਹੀ ਹੈ। ਕੀਰਤਨ ਦਰਬਾਰਾਂ ਦੀ ਭਰਮਾਰ, ਲੰਗਰਾਂ ਦੀ ਬਹੁਤਾਤ, ਅਖੰਡ ਪਾਠਾਂ ਦੀਆਂ ਲੜੀਆਂ, ਗੁਰਮਤਿ ਸਮਾਗਮਾਂ ਆਦਿ ਤੋਂ ਗੁਰੂ ਦਾ ਸੰਦੇਸ਼ ਨਹੀਂ ਜਾ ਰਿਹਾ। ਗਰੀਬੀ, ਬੇਕਾਰੀ, ਅਨਪੜ੍ਹਤਾ, ਨਸ਼ਾਖੋਰੀ ਅਤੇ ਦੂਸਰੇ ਦਾ ਹਕ ਮਾਰਨ ਦੀ ਬਿਰਤੀ ਬਲਵਾਨ ਹੋ ਰਹੀ ਹੈ, ਇਥੋਂ ਤੱਕ ਕਿ ਗੁਰੂ ਦੇ ਬਖਸ਼ੇ ਸਿੱਖੀ ਸਰੂਪ ਨਾਲ ਵੀ ਨੌਜਵਾਨ ਪੀੜ੍ਹੀ ਦਾ ਪਿਆਰ ਨਹੀਂ ਰਿਹਾ। ਹੁਣ ਤਾਂ ਹਾਲਾਤ ਫਿਰ ਪੰਜਾਬੀ ਕਹਾਵਤ ਵਾਲੀ ਹੋ ਗਈ ਹੈ — 'ਰਨ ਬਸਰੇ ਨੂੰ ਚਲੀ ਮੋੜੀ ਭਾਈ ਡਾਂਗ ਵਾਲਿਆ', ਤੇ ਉਹ ਡਾਂਗ ਵਾਲੀ ਤਾਕਤ ਕੇਵਲ ਗੁਰੂ ਪੰਥ ਹੀ ਹੋ ਸਕਦਾ, ਜੋ ਗੁਰੂ ਗ੍ਰੰਥ ਦੀ ਬਾਣੀ ਨੂੰ ਅਮਲੀ ਜੀਵਨ ਵਿੱਚ ਢਾਲਣ ਲਈ ਜੁਝ ਜਾਏ। ਹਲ ਕੋਈ ਨਵਾਂ ਘੜਨ ਦੀ ਲੋੜ ਨਹੀਂ। ਸੱਚੇ ਸੁੱਚੇ , ਗੁਰੂ ਪਰਾਇਣ, ਬਿਬੇਕ ਬੁਧ ਅਤੇ ਅੰਤਮ ਸੁਆਸਾਂ ਤੱਕ ਗੁਰਮਤਿ ਤੇ ਪਹਿਰਾ ਦੇਣ ਵਾਲੇ ਪੰਚਾਂ ਦੀ ਲੋੜ ਹੈ।ਢਾਈ ਕਰੋੜ ਦੀ ਆਬਾਦੀ ਵਿੱਚ ਦਸ ਪੰਜ ਅਜਿਹੇ ਸਿੱਖ ਲਭਣੇ ਕੋਈ ਔਖੇ ਨਹੀਂ। ਬੀਜ ਨਾਸ਼ ਨਹੀਂ ਹੁੰਦਾ, ਸਿਦਕਦਿਲੀ ਚਾਹੀਦੀ ਹੈ। ਜੇ ਸਿਦਕਦਿਲੀ ਹੋਵੇ, ਪੰਥ ਦਾ ਭਵਿੱਖ ਸੰਵਾਰਨ ਦੀ ਉਮੰਗ ਹੋਵੇ, ਇਮਾਨਦਾਰੀ ਹੋਵੇ ਤਾਂ ਸ਼੍ਰੋਮਣੀ ਕਮੇਟੀ ਇਕ ਸੰਸਥਾ ਹੈ ਜੋ ਆਦਰਸ਼ਕ ਪੰਚਾਇਣ ਘੜ ਸਕਦੀ ਹੈ।

ਕੌਮ ਦੀਆਂ ਮਾਨਵਰ ਸੰਸਥਾਵਾਂ ਦਾ ਇਕ ਇਕ ਸੁਘੜ ਨੁਮਾਇੰਦਾ ਬੁਲਾ ਕੇ ਪੰਚਾਇਣ ਲਭਣ ਦੀ ਕਿਰਿਆ ਸ਼ੁਰੂ ਕੀਤੀ ਜਾਵੇ। ਪੰਚ ਦਾ ਗੁਰ ਸਿੱਖੀ ਪਧਰ ਹੀ ਚੁਣਨ ਵਾਲਿਆਂ ਦੀ ਇਮਾਨਦਾਰੀ ਦਾ ਟੈਸਟ ਹੋਵੇਗਾ। ਗੁਰੂ ਪ੍ਰਥਾ ਅਨੁਸਾਰ ਗਿਣਤੀ ਦੇ ਪੰਜ ਸਿੱਖਾਂ ਨੂੰ ਸ਼੍ਰੋਮਣੀ ਪੰਚ ਥਾਪ ਕੇ ਉਨ੍ਹਾਂ ਦਾ ਹੈਡਕੁਆਰਟਰ ਸ੍ਰੀ ਅੰਮ੍ਰਿਤਸਰ ਬਣਾਇਆ ਜਾਵੇ। ਉਨ੍ਹਾਂ ਦੀਆਂ ਦਫਤਰ, ਰਿਹਾਇਸ਼, ਖਾਣ ਪੀਣ, ਸਵਾਰੀ ਆਦਿ ਲੋੜਾਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕਰੇ। ਕੌਮੀ ਪੱਧਰ ਦੇ ਸਾਰੇ ਮਸਲੇ ਉਨ੍ਹਾਂ ਕੋਲ ਜਾਣ। ਇਹ ਪੰਚ ਆਪਣੀ ਮੱਦਦ ਲਈ ਐਕਸਪਰਟ ਕਮੇਟੀਆਂ ਥਾਪਣ ਦਾ ਅਧਿਕਾਰ ਰੱਖਣ। ਫੈਸਲਾ ਇਨ੍ਹਾਂ ਪੰਚਾਂ ਦੀ ਸਰਵ ਸੰਮਤੀ ਨਾਲ ਕੀਤਾ ਜਾਵੇ। ਇਹ ਪੰਚ ਫੈਸਲੇ ਸ੍ਰੀ ਅਕਾਲ ਤਖਤ ਦੀ ਮੁਹਰ ਹੇਠਾਂ ਜਾਰੀ ਹੋਣ। ਕੋਈ ਪੰਚ ਬੀਮਾਰ ਹੋ ਜਾਵੇ, ਡਿਊਟੀ ਨਾ ਕਰ ਸਕੇ ਤਾਂ ਬਾਕੀ ਦੇ ਚਾਰ ਸਾਰੇ ਪੰਥ ਵਿੱਚੋਂ ਇਕ ਹੋਰ ਪੰਚ ਲਭ ਲੈਣ। ਇਹ ਸਭ ਕੁਝ ਜਲਦੀ ਹੋਣਾ ਚਾਹੀਦਾ ਹੈ। ਗੱਡੀ ਢਲਾਨ ਵਲ ਰਿੜ੍ਹ ਪਈ ਹੈ, ਰੋਕਣਾ ਬਹੁਤ ਜ਼ਰੂਰੀ ਹੈ। ਪਤਿਤਪੁਣਾ, ਨਸ਼ਿਆਂ ਦੀ ਮਾਰ,

ਬੇਮੁਹਾਰਪੁਣਾ, ਸੰਸਥਾਵਾਂ ਦੀ ਬੇਅਦਬੀ ਪਹਿਲਾਂ ਹੀ ਕੰਟਰੋਲ ਤੋਂ ਬਾਹਰ ਹੋ ਚੁਕੀ ਹੈ। ਪ੍ਰਚਾਰ ਦਾ ਕੋਈ ਬ੍ਰਹਮ ਅਸਤਰ ਹੀ ਚਲਾਉਣ ਨਾਲ ਮੋੜਾ ਪਵੇਗਾ। ਬਿਲਫਰਜ਼ ਇਹ ਸਭ ਕੁਝ ਕਰਨ ਦੀ ਪਹਿਲ ਇਸ ਵਕਤ ਦੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਤੇ ਕਾਬਜ ਲੀਡਰਸ਼ਿਪ ਨਾ ਕਰੇ ਤਾਂ ਵਾਜਿਬ ਹੋਵੇਗਾ ਕਿ ਸਿੱਖ ਸੰਸਥਾਵਾਂ ਦੇ ਪ੍ਰਤਿਸ਼ਠਤ ਵਿਅਕਤੀ, ਸਿਰ ਜੋੜ ਕੇ ਗੁਰੂ ਗ੍ਰੰਥ-ਗੁਰੂ ਪ੍ਰੰਥ ਦੇ ਸਿਧਾਂਤ ਨੂੰ ਸਾਕਾਰ ਕਰਨ ਲਈ ਸਿੱਖ ਰਾਏਆਮਾ ਪੈਦਾ ਕਰਨ, ਅਤੇ ਵਰਤਮਾਨ ਲੀਡਰਸ਼ਿਪ ਦਾ ਬਦਲ ਲੱਭ ਲੈਣ, ਜਾਂ ਵਰਤਮਾਨ ਲੀਡਰਸ਼ਿਪ ਨੂੰ ਇਸ ਕਾਰਜ ਲਈ ਮਜ਼ਬੂਰ ਕਰ ਦੇਣ।

¤